**Belehrung nach § 22 Abs. 3 AsylG - Punjabi**

| ਪ੍ਰੋਸੈਸਿੰਗ ਦਫ਼ਤਰ: |
|---|
| |

# ਮਹੱਤਵਪੂਰਣ ਸੂਚਨਾ

**(AsylG ਦੇ ਸੈਕਸ਼ਨ 22, ਪੈਰਾ 3 ਅਨੁਸਾਰ ਹਦਾਇਤ)**

| ਉਪਨਾਮ: |
|---|
| ਪਹਿਲਾ ਨਾਮ: |
| ਜਨਮ ਮਿਤੀ: |
| ਕੌਮੀਅਤ: |

**ਫਾਇਲ ਨੰਬਰ:**
(ਕਿਰਪਾ ਕਰਕੇ ਦਰਸਾਉ)

ਪਿਆਰੇ ਪਨਾਹ ਖੋਜੀ,

ਤੁਸੀਂ ਜਰਮਨੀ ਦੇ ਸੰਘੀ ਗਣਰਾਜ਼ ਵਿਚ ਪਨਾਹ ਲੈਣ ਲਈ ਅਰਜੀ ਦਿੱਤੀ ਹੈ। ਅਜਿਹਾ ਕਰਨ ਵਿਚ, ਤੁਸੀਂ ਉਤਪੀੜਨ ਜਾਂ ਇੱਕ ਜਲਦੀ ਹੋਣ ਵਾਲੇ ਗੰਭੀਰ ਖਤਰੇ ਤੋਂ ਸੁਰੱਖਿਆ ਦੀ ਭਾਲ ਲਈ ਕਲੇਮ ਕਰਦੇ ਹੋ।

ਪਨਾਹ ਲਈ ਤੁਹਾਡੀ ਅਰਜੀ ਦੀ ਜਾਂਚ ਅਤੇ ਪਨਾਹ ਲਈ ਇੱਕ ਅਧਿਕਾਰਿਤ ਵਿਅਕਤੀ ਵਜੋਂ ਤੁਹਾਡੀ ਪਛਾਣ ਕੇਵਲ ਤਦ ਹੀ ਸੰਭਵ ਹੈ ਜੇਕਰ ਤੁਸੀਂ ਇੱਕ ਉਪਚਾਰਕ ਅਰਜੀ ਦਾਖ਼ਲ ਕਰਦੇ ਹੋ। ਤੁਸੀਂ ਪ੍ਰਵਾਸ ਅਤੇ ਸ਼ਰਣਾਰਥੀਆਂ ਲਈ ਸੰਘੀ ਦਫ਼ਤਰ ਦੇ ਜ਼ਿੰਮੇਵਾਰ ਸ਼ਾਖਾ ਦਫ਼ਤਰ ਵਿੱਚ ਨਿੱਜੀ ਤੌਰ 'ਤੇ ਇਸ ਅਰਜੀ ਨੂੰ ਦਾਖ਼ਲ ਕਰਨ ਲਈ ਜਿੰਮੇਵਾਰ ਹੋ। ਕੇਵਲ ਤਦ ਹੀ ਪਨਾਹ ਲਈ ਕਾਰਵਾਈਆਂ ਕੀਤੀਆਂ ਜਾਣਗੀਆਂ। ਤੁਹਾਨੂੰ ਇੱਕ ਸੁਣਵਾਈ ਦੇ ਫਰੇਮਵਰਕ ਅੰਦਰ ਆਪਣੀ ਪਨਾਹ ਦੀ ਅਰਜੀ ਦਾ ਪੱਖ ਪੇਸ਼ ਕਰਨ ਲਈ ਮੌਕਾ ਦਿੱਤਾ ਜਾਏਗਾ।

ਉੱਥੇ ਤੁਹਾਡੀ ਅਰਜੀ ਦਾਖ਼ਲ ਕਰਨ ਤੋਂ ਬਾਅਦ, ਤੁਸੀਂ ਪਨਾਹ ਦੀਆਂ ਕਾਰਵਾਈਆਂ ਨੂੰ ਸ਼ੁਰੂ ਕਰਨ ਲਈ ਇੱਕ ਰਿਹਾਇਸ਼ੀ ਪਰਮਿੱਟ ਪ੍ਰਾਪਤ ਕਰੋਗੇ, ਜਿਹੜਾ ਤੁਹਾਨੂੰ ਦਾਖ਼ਲਾ ਕੇਂਦਰ ਦੇ ਜਿਲ੍ਹੇ ਵਿੱਚ ਰਹਿਣ ਦੀ ਇਜਾਜ਼ਤ ਦਿੰਦਾ ਹੈ।

ਪਹਿਲਾਂ ਤੁਹਾਨੂੰ ਇੱਕ ਦਾਖ਼ਲਾ ਕੇਂਦਰ ਵਿੱਚ ਸਥਾਨਾਂਤਰਿਤ ਕੀਤਾ ਜਾਏਗਾ, ਜੋ ਪਨਾਹ ਦੀਆਂ ਕਾਰਵਾਈਆਂ ਦੌਰਾਨ ਤੁਹਾਡੀ ਰਿਹਾਇਸ਼ ਵਜੋਂ ਸੇਵਾ ਕਰੇਗੀ। ਦਾਖ਼ਲਾ ਕੇਂਦਰ ਵਿੱਚ, ਤੁਹਾਨੂੰ ਪ੍ਰਵਾਸ ਅਤੇ ਸ਼ਰਣਾਰਥੀਆਂ ਲਈ ਸੰਘੀ ਦਫ਼ਤਰ ਦੇ ਸ਼ਾਖਾ ਦਫ਼ਤਰ ਬਾਰੇ ਵੀ ਸੂਚਿਤ ਕੀਤਾ ਜਾਏਗਾ ਜਿੱਥੇ ਤੁਹਾਨੂੰ ਆਪਣੀ ਪਨਾਹ ਦੀ ਅਰਜੀ ਦਾਇਰ ਕਰਨੀ ਜਰੂਰੀ ਹੁੰਦੀ ਹੈ। ਇਸ ਲਈ, ਕਿਰਪਾ ਕਰਕੇ ਹੇਠਾਂ ਦਿੱਤੇ ਗਏ ਦਾਖ਼ਲਾ ਕੇਂਦਰ ਨਾਲ ਤੁਰੰਤ ਸੰਪਰਕ ਕਰੋ, ਘੱਟ ਘੱਟ ............ ਤੱਕ।

ਦਾਖ਼ਲਾ ਕੇਂਦਰ: ..........................................................................................................................

...........................................................................................................................................................

**ਜੇਕਰ ਤੁਸੀਂ ਇਸ ਅਨੁਰੋਧ ਦੀ ਪਾਲਣਾ ਨਹੀਂ ਕਰਦੇ ਹੋ, ਤਾਂ ਤੁਹਾਡੀ ਪਨਾਹ ਦੀ ਅਰਜੀ ਨੂੰ ਵਾਪਸ ਲਿਆ ਗਿਆ ਸਮਝਿਆ ਜਾਏਗਾ ਅਤੇ ਪਨਾਹ 'ਤੇ ਕੋਈ ਵੀ ਕਾਰਵਾਈ ਨਹੀਂ ਕੀਤੀ ਜਾਏਗੀ। ਜੇਕਰ ਸੁਰੱਖਿਆ ਇਲੀ ਤੁਹਾਡੇ ਅਨੁਰੋਧ ਦੀ ਜਾਂਚ ਕਰਨ ਲਈ ਕੋਈ ਹੋਰ ਯੂਰਪੀਅਨ ਦੇਸ਼ ਜਿੰਮੇਵਾਰ ਹੁੰਦਾ ਹੈ, ਤਾਂ ਸੰਘੀ ਦਫ਼ਤਰ ਫੈਸਲਾ ਕਰੇਗਾ ਕਿ ਤੁਹਾਨੂੰ ਉੱਥੇ ਭੇਜਿਆ ਜਾਏਗਾ। ਇਹ ਫੈਸਲਾ ਤਾਂ ਵੀ ਕੀਤਾ ਜਾਏਗਾ ਜੇਕਰ ਤੁਸੀਂ ਉੱਪਰ ਦਰਸਾਈ ਗਈ ਨਿਯੁਕਤੀ ਵਿੱਚ ਨਿੱਜੀ ਤੌਰ 'ਤੇ ਪੇਸ਼ ਨਹੀਂ ਹੁੰਦੇ ਹੋ।**

**ਮੈਂ ਇਹ ਹਦਾਇਤ ਅੱਜ ਪ੍ਰਾਪਤ ਕੀਤੀ ਹੈ।**

**ਹਦਾਇਤ ਦਾ ਅੱਜ ____ਪੰਜਾਬੀ________ ਵਿੱਚ ਅਨੁਵਾਦ ਕੀਤਾ ਗਿਆ ਸੀ ਅਤੇ ਮੈਂ ਸਮੱਗਰੀ ਨੂੰ ਸਮਝਦਾ ਹਾਂ।**

................................................... ..........................................................................................

ਸਥਾਨ ਮਿਤੀ ਬਿਨੈਕਾਰ/ ਕਾਨੂੰਨੀ ਪ੍ਰਤਿਨਿਧੀ ਦੇ ਦਸਤਖ਼ਤ